# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

**www.chandigarh.gov.in**

## ਪ੍ਰੈਸ ਨੋਟ

ਚੰਡੀਗੜ੍ਹ, 21 ਜੁਲਾਈ :- ਆਮ ਲੋਕਾਂ ਵਿਚ ਵਿਸ਼ੇਸ਼ ਬੱਚਿਆਂ ਅਤੇ ਵਿਅਕਤੀਗਤ ਤੌਰ ਤੇ ਵਿਕਲਾਂਗ ਵਿਅਕਤੀਆਂ ਨੂੰ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਦੇ ਬਾਰੇ ਵਿਚ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ 'ਆਸਥਾ ਏਕੀਕ੍ਰਿਤ ਪੁਨਰ ਨਿਰਮਾਣ ਕੇਂਦਰ' ਦੁਆਰਾ ਮਾਤਾ ਪਿਤਾ, ਵਿਸ਼ੇਸ਼ ਅਧਿਆਪਕਾਂ, ਵਿਸ਼ੇਸ਼ ਚਕਿਤਸਕਾਂ ਅਤੇ ਨਿਯਮਿਤ ਸਕੂਲ ਅਧਿਆਪਕਾਂ ਦੇ ਲਈ ਇੱਕ ਕਾਰਜਸ਼ਾਲਾ ਦਾ ਆਯੋਜਨ ਕੀਤਾ ਜਾ ਰਿਹਾ ਹੈ। ਕਾਰਜ਼ ਸ਼ਾਲਾ ਦਾ ਉਦਘਾਟਨ ਸਮਾਜ਼ ਕਲਿਆਣ ਨਿਰਦੇਸ਼ਕ ਸ਼੍ਰੀ ਸਮਵਰਤਕ ਸਿੰਘ 24 ਜ਼ੁਲਾਈ ਨੂੰ ਸੈਕਟਰ 35 ਦੇ ਕਿਸਾਨ ਭਵਨ ਵਿਚ ਕਰਨਗੇ।

26 ਜੁਲਾਈ ਤੱਕ ਚੱਲਣ ਵਾਲੀ ਇਸ ਕਾਰਜ਼ਸ਼ਾਲਾ ਵਿਚ ਮਨੀਪਾਲ ਯੂਨੀਵਰਸਿਟੀ ਦੇ ਸਹਾਇਕ ਸਿਹਤ ਵਿਗਿਆਨ ਕਾਲਜ਼ ਦੇ ਸਹਾਇਕ ਪ੍ਰੋਫੈਸਰ ਡਾ. ਸ਼ਸ਼ੀਧਰ ਰਾਓ ਚਵਨ ਮੁੱਖ ਵਕਤਾ ਦੇ ਰੂਪ ਵਿਚ ਮੌਜੂਦ ਹੋਣਗੇ। ਚੰਡੀਗੜ੍ਹ, ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਭਿੰਨ ਭਿੰਨ ਗੈਰ ਸਰਕਾਰੀ ਸੰਗਠਨਾਂ ਦੇ ਪ੍ਰਤੀਨਿਧੀਆਂ, ਵਿਸ਼ੇਸ਼ ਸਕੂਲਾਂ ਦੇ ਅਧਿਆਪਕਾਂ ਅਤੇ ਵਿਸ਼ੇਸ਼ ਅਧਿਆਪਕਾਂ, ਸਰਵ ਸਿੱਖਿਆ ਅਭਿਆਨ ਦੇ ਮੈਂਬਰ ਅਤੇ ਭਿੰਨ ਭਿੰਨ ਸਰਕਾਰੀ ਸੰਗਠਨ ਇਸ ਕਾਰਜ਼ਸ਼ਾਲਾ ਵਿਚ ਭਾਗ ਲੈਣਗੇ। ਆਸਥਾ ਸੈਂਟਰ ਲੱਗਭੱਗ ਢਾਈ ਸਾਲ ਤੋਂ ਪੰਜ਼ਾਬ, ਚੰਡੀਗੜ੍ਹ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿਚ ਸਰੀਰਕ ਅਤੇ ਮਾਨਸਿਕ ਰੂਪ ਤੋਂ ਵਿਕਲਾਂਗ ਬੱਚਿਆਂ, ਆਟਿਜ਼ਮ, ਸੇਰੇਬਰਲ ਪਾਲਸੀ, ਮੈਂਟਲ ਰਿਟਾਡਰੇਸ਼ਨ, ਹੈੱਡ ਇੰਜ਼ਰੀ, ਸਟਰੋਕ, ਸਪਾਈਨਲ ਕੋਰਡ ਇੰਜ਼ਰੀਜ਼, ਟੈਨਿਸ ਐਲਬੋ ਅਤੇ ਲੋ ਬੈਕ ਪੇਨ ਨਾਲ ਪੀੜਿਤ ਬੱਚਿਆਂ ਦੀਆਂ ਜਰੂਰਤਾਂ ਦੀ ਪੂਰਤੀ ਲਈ ਕੰਮ ਕਰਦਾ ਹੈ।